**ਡਾਇਰੈਕਟੋਰੇਟ, ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।**

ਪਲਾਟ ਨੰ: 1-ਏ, ਸੈਕਟਰ 36 ਏ, ਚੰਡੀਗੜ੍ਹ, ਫੋਨ: 91-172-2614031, 2615177, 2614696, 2648012, ਫੈਕਸ 2614622,

web site: www.dtepunjab.gov.in, e-mail: dit_trg@yahoo.in

## ਦਾਖਲਾ ਨੋਟਿਸ ਸੈਸ਼ਨ 2009-10

ਪੰਜਾਬ ਰਾਜ ਦੀਆਂ ਸਰਕਾਰੀ ਅਤੇ ਗੈਰ ਸਰਕਾਰੀ ਐਫੀਲੇਟਿਡ ਸੰਸਥਾਵਾਂ ਵਿੱਚ ਸੈਸਨ 2009 ਲਈ ਕਟਾਈ, ਸਿਲਾਈ ਅਤੇ ਕਢਾਈ ਟੀਚਰ ਟ੍ਰੇਨਿੰਗ ਟਰੇਡ ਅਤੇ ਸੈਸ਼ਨ ਫਰਵਰੀ 2010 ਛੇ ਮਹੀਨੇ ਦੇ ਕੋਰਸਾਂ ਲਈ ਹੇਠ ਦਰਸਾਈਆਂ ਮਿਤੀਆਂ ਅਨੁਸਾਰ ਦਾਖਲਾ ਹੋਵੇਗਾ। ਇਸ ਦੇ ਨਾਲ-ਨਾਲ ਜਿੰਨਾਂ ਕੇਂਦਰਾਂ ਨੂੰ ਡੀਜੀਈਟੀ, ਭਾਰਤ ਸਰਕਾਰ ਵਲੋਂ ਸੈਸ਼ਨ ਫਰਵਰੀ 2010 ਤੋਂ ਐਫੀਲੇਸ਼ਨ ਦਿੱਤੀ ਗਈ ਹੈ, ਅਤੇ ਜਿਨ੍ਹਾਂ ਸੰਸਥਾਵਾਂ ਵਲੋਂ ਸੈਸ਼ਨ ਅਗਸਤ 2009 ਵਿੱਚ ਦਾਖਲਾ ਨਹੀਂ ਕੀਤਾ ਗਿਆ ਹੈ। ਉਨ੍ਹਾਂ ਸੰਸਥਾਵਾਂ ਨੂੰ ਹੀ ਵਿਗਿਆਪਨ ਅਨੁਸਾਰ ਟਰੇਡਾਂ/ਯੂਨਿਟਾਂ ਵਿੱਚ ਵਿਭਾਗ ਦੀ ਪ੍ਰਵਾਨਗੀ/ਦਾਖਲਾ ਸਲਿਪ ਪ੍ਰਾਪਤ ਕਰਨ ਉਪਰੰਤ ਦਾਖਲਾ ਕੀਤਾ ਜਾ ਸਕਦਾ ਹੈ। ਇਹ ਕੇਂਦਰ ਵੀ ਇੰਨਾਂ ਮਿਤੀਆਂ ਨੂੰ ਦਾਖਲਾ ਕਰਨਗੇ। ਇਹ ਦਾਖਲਾ ਸਬੰਧਤ ਸੰਸਥਾਵਾਂ ਵਿਚ ਸਬੰਧਤ ਉਪ ਮੰਡਲ ਮੈਜਿਸਟ੍ਰੇਟ ਦੀ ਪ੍ਰਧਾਨਗੀ ਹੇਠ ਪਹਿਲਾਂ ਤੋਂ ਹੀ ਗਠਿਤ, ਦਾਖਲਾ ਚੋਣ ਕਮੇਟੀ ਵਲੋਂ ਕੀਤਾ ਜਾਵੇਗਾ:-

| ਪਹਿਲੀ ਕੌਂਸਲਿੰਗ | ਮਿਤੀ | ਦਿਨ |
|---|---|---|
| ਅਰਜੀਆਂ ਲੈਣ ਦੀ ਆਖਰੀ ਮਿਤੀ: | 27-01-2010 | ਬੁੱਧਵਾਰ |
| ਮੈਰਿਟ ਲਿਸ਼ਟਾਂ ਨੋਟਿਸ ਬੋਰਡ ਤੇ ਲਗਾਉਣ ਦੀ ਮਿਤੀ | 29-01-2010 | ਸੁੱਕਰਵਾਰ |
| ਮੈਰਿਟ ਲਿਸ਼ਟਾਂ ਸਬੰਧੀ ਉਮੀਦਵਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ | 01-02-2010 | ਸੋਮਵਾਰ |
| ਜਨਰਲ ਕੈਟਾਗਰੀ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਊ ਦੀ ਮਿਤੀ: | 02-02-2010 | ਮੰਗਲਵਾਰ |
| ਸਮੂਹ ਰਿਜਰਵ ਕੈਟਾਗਰੀਆਂ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਊ ਦੀ ਮਿਤੀ: | 03-02-2010 | ਬੁੱਧਵਾਰ |
| ਕਲਾਸਾਂ ਲਗਾਉਣ ਦੀ ਮਿਤੀ | 04-02-2010 | ਵੀਰਵਾਰ |

**ਦੂਜੀ ਕੌਂਸਲਿੰਗ**

| | | |
|---|---|---|
| ਅਰਜੀਆਂ ਲੈਣ ਦੀ ਆਖਰੀ ਮਿਤੀ: | 10-02-2010 | ਬੁੱਧਵਾਰ |
| ਮੈਰਿਟ ਲਿਸ਼ਟਾਂ ਨੋਟਿਸ ਬੋਰਡ ਤੇ ਲਗਾਉਣ ਦੀ ਮਿਤੀ | 11-02-2010 | ਵੀਰਵਾਰ |
| ਮੈਰਿਟ ਲਿਸ਼ਟਾਂ ਸਬੰਧੀ ਉਮੀਦਵਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ | 15-02-2010 | ਸੋਮਵਾਰ |
| ਜਨਰਲ ਕੈਟਾਗਰੀ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਊ ਦੀ ਮਿਤੀ: | 16-02-2010 | ਮੰਗਲਵਾਰ |
| ਸਮੂਹ ਰਿਜਰਵ ਕੈਟਾਗਰੀਆਂ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਊ ਦੀ ਮਿਤੀ: | 17-02-2010 | ਬੁੱਧਵਾਰ |
| ਕਲਾਸਾਂ ਲਗਾਉਣ ਦੀ ਮਿਤੀ | 18-02-2010 | ਵੀਰਵਾਰ |

**ਤੀਜੀ ਕੌਂਸਲਿੰਗ (ਆਖਰੀ)**

| | | |
|---|---|---|
| ਅਰਜੀਆਂ ਲੈਣ ਦੀ ਆਖਰੀ ਮਿਤੀ: | 26-02-2010 | ਸੁੱਕਰਵਾਰ |
| ਮੈਰਿਟ ਲਿਸ਼ਟਾਂ ਨੋਟਿਸ ਬੋਰਡ ਤੇ ਲਗਾਉਣ ਦੀ ਮਿਤੀ | 01-03-2010 | ਸੋਮਵਾਰ |
| ਮੈਰਿਟ ਲਿਸ਼ਟਾਂ ਸਬੰਧੀ ਉਮੀਦਵਾਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ | 03-03-2010 | ਬੁੱਧਵਾਰ |
| ਜਨਰਲ ਕੈਟਾਗਰੀ ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਊ ਦੀ ਮਿਤੀ: | 04-03-2010 | ਵੀਰਵਾਰ |
| ਸਮੂਹ ਕੈਟਾਗਰੀਆਂ ਦੀ ਇੰਟਰਵਿਊ ਲਈ ਮਿਤੀ (ਜਨਰਲ ਤੇ ਰਿਜਰਵ ਕੈਟਾਗਰੀਆਂ) ਨਾਲ ਸਬੰਧਤ ਉਮੀਦਵਾਰਾਂ ਦੀ ਇੰਟਰਵਿਊ ਦੀ ਮਿਤੀ: | 05-03-2010 | ਸੁੱਕਰਵਾਰ |
| ਜਨਰਲ ਅਤੇ ਰਿਜ਼ਰਵ ਕੈਟਾਗਰੀ ਦੀਆਂ ਖਾਲੀ ਰਹਿ ਗਈਆਂ ਸੀਟਾਂ ਦੀ ਸਾਂਝੀ ਮੈਰਿਟ ਤਿਆਰ ਕਰਕੇ ਇੰਟਰਵਿਊ ਦੀ ਮਿਤੀ | 08-03-2010 | ਸੋਮਵਾਰ |
| ਕੌਂਸਲਿੰਗ ਉਪਰੰਤ ਕਲਾਸਾਂ ਲਗਾਉਣ ਦੀ ਮਿਤੀ | 09-03-2010 | ਮੰਗਲਵਾਰ |

ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਵਿਚ ਦਾਖਲੇ ਲਈ ਪ੍ਰਿੰਟਿਡ ਪ੍ਰਾਸਪੈਕਟਸ ਨਿਰਧਾਰਤ ਕੀਮਤ 75/-ਰੁਪਏ (ਕੇਵਲ ਪਝੱਤਰ ਰੁਪਏ) ਤੇ ਸਬੰਧਤ ਸਰਕਾਰੀ ਸੰਸਥਾ ਵਿੱਚੋ ਪ੍ਰਾਪਤ ਕੀਤਾ ਜਾ ਸਕਦਾ ਹੈ, ਜਿਸ ਵਿੱਚ ਦਾਖਲੇ ਸਬੰਧੀ ਸਾਰੀਆਂ ਸ਼ਰਤਾਂ ਦਿੱਤੀਆਂ ਹੋਈਆਂ ਹਨ। ਗੈਰ ਸਰਕਾਰੀ ਸੰਸਥਾਵਾਂ ਵਲੋਂ ਵੀ ਸਰਕਾਰੀ ਪ੍ਰਾਸਪੈਕਟ ਤੇ ਹੀ ਬਿਨੈ-ਪੱਤਰ ਪ੍ਰਾਪਤ ਕੀਤੇ ਜਾਣਗੇ। ਇਸ ਤੋਂ ਇਲਾਵਾ ਪ੍ਰਾਸਪੈਕਟਸ ਅਤੇ ਦਾਖਲਾ ਫਾਰਮ ਵਿਭਾਗ ਦੀ ਵੈਬਸਾਇਟ http:/www.dtepunjab.gov.in ਤੇ ਉਪਲਬੱਧ ਹੈ। ਦਾਖਲੇ ਲਈ ਚਾਹਵਾਨ ਬਿਨੈਕਾਰ ਪ੍ਰਾਸਪੈਕਟ ਅਤੇ ਦਾਖਲਾ ਫਾਰਮ ਵੈਬਸਾਇਟ ਤੁੋ down load ਕਰਕੇ

ਅਪਲਾਈ ਕਰ ਸਕਦੇ ਹਨ। ਜੋ ਬਿਨੈਕਾਰ ਵੈਬਸਾਇਟ ਤੋਂ ਦਾਖਲਾ ਫਾਰਮ down load ਕਰਕੇ ਅਪਲਾਈ ਕਰਨਗੇ, ਉਹ ਕੇਵਲ 25/- ਰੁਪਏ ਦਾ ਬੈਂਕ ਡਰਾਫਟ ਲਗਾ ਕੇ ਸਬੰਧਤ ਸੰਸਥਾ ਵਿਚ ਅਪਲਾਈ ਕਰਨਗੇ।

## ਜ਼ਰੂਰੀ ਨੋਟ

1. ਦਾਖਲੇ ਦੀ ਇੰਟਰਵਿਊ ਲਈ ਉਮੀਦਵਾਰਾਂ ਨੂੰ ਕੋਈ ਵੱਖਰਾ ਸੱਦਾ-ਪੱਤਰ ਨਹੀਂ ਭੇਜਿਆ ਜਾਵੇਗਾ।

2. ਸਾਰੇ ਉਮੀਦਵਾਰ ਚੋਣ ਵਾਲੇ ਦਿਨ ਆਪਣੀਆਂ ਯੋਗਤਾਵਾਂ ਦੇ ਅਸਲ ਸਰਟੀਫਿਕੇਟ ਨਾਲ ਲਿਆਉਣਗੇ।

3. ਸਾਰੇ ਉਮੀਦਵਾਰ ਲਈ ਹਾਜਰੀ ਦਾ ਸਮਾਂ ਇੰਟਰਵਿਊ ਵਾਲੇ ਦਿਨ ਸੇਵਰੇ 9.00 ਵੱਜੇ ਤੋਂ 11.00 ਵਜੇ ਤੱਕ ਹੋਵੇਗਾ। ਜਿਹੜਾ ਉਮੀਦਵਾਰ ਨਿਰਧਾਰਤ ਸਮੇਂ ਅੰਦਰ ਹਾਜਰ ਨਹੀਂ ਹੋਵੇਗਾ, ਉਸ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।

4. ਜੇਕਰ ਕੋਈ ਉਮੀਦਵਾਰ ਦਾਖਲਾ ਫਾਰਮ ਦੇਣ ਸਮੇਂ ਆਪਣੀ ਕੈਟਾਗਰੀ ਦਾ ਸਬੂਤ ਨਾਲ ਨੱਥੀ ਨਹੀਂ ਕਰੇਗਾ ਤਾਂ ਉਸ ਦਾ ਨਾਮ ਜਨਰਲ ਕੈਟਾਗਰੀ ਵਿੱਚ ਵਿਚਾਰਿਆ ਜਾਵੇਗਾ ਅਤੇ ਬਾਅਦ ਵਿੱਚ ਕੋਈ ਅਦਲਾ-ਬਦਲੀ ਨਹੀਂ ਹੋਵੇਗੀ ।

5. ਦਾਖਲਾ ਫਾਰਮ ਦੇਣ ਉਪਰੰਤ ਉਮੀਦਵਾਰ ਉਸ ਦੀ ਰਸੀਦ ਪ੍ਰਾਪਤ ਕਰ ਲਵੇ।

6. ਜੇਕਰ ਕਿਸੇ ਉਮੀਦਵਾਰ ਦਾ ਨਾਮ ਤਿਆਰ ਕੀਤੀ ਮੈਰਿਟ ਸੂਚੀ ਵਿੱਚ ਨਹੀਂ ਆਉਂਦਾ ਤਾਂ ਉਹ ਇੰਟਰਵਿਊ ਮਿਤੀ ਤੋਂ ਪਹਿਲਾਂ ਸੰਸਥਾ ਦੇ ਮੁੱਖੀ ਨਾਲ ਸਿੱਧੇ ਤੌਰ ਤੇ ਸਪੰਰਕ ਕਰ ਸਕਦਾ ਹੈ, ਜਿਸ ਸੰਸਥਾ ਵਿੱਚ ਉਸਨੇ ਦਾਖਲੇ ਲਈ ਫਾਰਮ ਭੇਜਿਆ/ਦਿੱਤਾ ਹੈ।

7. ਵੱਖ-ਵੱਖ ਟਰੇਡਾਂ ਦੇ ਦਾਖਲੇ ਲਈ ਵਿਦਿਅਕ ਯੋਗਤਾਵਾਂ ਸਰਕਾਰੀ ਪ੍ਰਾਸਪੈਕਟਸ ਵਿਚ ਉਪਲਬਧ ਹਨ।

8. ਇੰਟਰਵਿਊ ਦਾ ਸਥਾਨ ਸਰਕਾਰੀ ਪ੍ਰਾਸਪੈਕਟਸ ਵਿੱਚ ਦਰਸਾਈ ਸਰਕਾਰੀ ਸੰਸਥਾ ਵਿੱਚ ਹੋਵੇਗਾ।

9. ਗੈਰ-ਸਰਕਾਰੀ ਕੇਂਦਰਾਂ ਨੂੰ ਜਿੰਨੀਆਂ ਟਰੇਡਾਂ / ਯੂਨਿਟਾਂ ਲਈ ਐਸ.ਸੀ.ਵੀ.ਟੀ. / ਐਨ.ਸੀ.ਵੀ.ਟੀ. ਵਲੋਂ ਐਫੀਲੇਸ਼ਨ ਪ੍ਰਾਪਤ ਹੈ, ਉਹਨਾਂ ਹੀ ਟਰੇਡਾਂ / ਯੂਨਿਟਾਂ ਵਿਚ ਦਾਖਲਾ ਕੀਤਾ ਜਾਵੇ, ਇਸ ਤੋਂ ਵੱਧ ਦਾਖਲਾ ਨਾ ਕੀਤਾ ਜਾਵੇ।

10. ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ:2/12/2005-2TE (1)980 ਮਿਤੀ 23-06-05 ਅਨੁਸਾਰ ਦੂਜੇ ਰਾਜਾਂ ਦੇ ਵਸਨੀਕ ਉਮੀਦਵਾਰਾਂ ਲਈ 15% ਸੀਟਾਂ ਨਿਰੋਲ ਮੈਰਿਟ ਤੇ, ਜਨਰਲ ਕੈਟਾਗਰੀ ਵਿਚੋਂ ਉਪਲਬਧ ਹੋਣਗੀਆਂ। ਕਿਸੇ ਵੀ ਹਾਲਤ ਵਿੱਚ ਇਹ ਸੀਟਾਂ, ਨਿਰਧਾਰਤ ਸੀਟਾਂ ਤੋਂ ਵੱਧ ਨਹੀਂ ਭਰੀਆਂ ਜਾਣਗੀਆਂ।

11. ਉਮੀਦਵਾਰ ਸਬੰਧਤ ਸੰਸਥਾ ਵਿੱਚ ਦਾਖਲੇ ਲਈ ਉਪਲਬਧ ਸੀਟਾਂ ਸਬੰਧੀ ਜਾਣਕਾਰੀ ਸਬੰਧਤ ਸੰਸਥਾ ਦੇ ਮੁੱਖੀ ਤੋਂ ਲੈ ਸਕਦੇ ਹਨ। ਵਿਭਾਗ ਕਿਸੇ ਵੀ ਸਮੇਂ, ਕਿਸੇ ਵੀ ਸੰਸਥਾ ਵਿਖੇ, ਕਿਸੇ ਵੀ ਟਰੇਡ ਦਾ ਦਾਖਲਾ ਰੋਕ ਸਕਦਾ ਹੈ।

12. ਦਾਖਲੇ ਲਈ ਜਿੰਨੀਆਂ ਅਰਜ਼ੀਆਂ ਪ੍ਰਾਪਤ ਹੁੰਦੀਆਂ ਹਨ, ਉਹਨਾਂ ਸਭ ਦੀ ਮੈਰਿਟ ਲਿਸਟ ਕੈਟਾਗਿਰੀ ਵਾਇਜ਼ ਬਣਾਈਆਂ ਜਾਣਗੀਆਂ।

13. ਜਿਹੜਾ ਉਮੀਦਵਾਰ ਰਿਜ਼ਰਵ ਕੈਟਾਗਰੀ (ਐਸ.ਸੀ ਅਤੇ ਬੀ.ਸੀ.) ਨਾਲ ਸਬੰਧਤ ਹੈ, ਉਹ ਜਨਰਲ ਕੈਟਾਗਰੀ ਦੀ ਇੰਟਰਵਿਊ ਦੀ ਮਿਤੀ ਵਾਲੇ ਦਿਨ ਵੀ ਦਾਖਲਾ ਲੈ ਸਕਦਾ ਹੈ। ਜੇਕਰ ਉਸ ਦਿਨ ਜਨਰਲ ਕੈਟਾਗਰੀ ਅਧੀਨ ਦਾਖਲਾ ਨਹੀਂ ਮਿਲਾ ਤਾਂ ਉਹ ਰਿਜਰਵ ਕੈਟਾਗਰੀ ਦੇ ਉਮੀਦਵਾਰ ਇੰਟਰਵਿਊ ਦੇ ਸਕਦਾ ਹੈ।ਸਾਰੀਆਂ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦੇ ਮੁੱਖੀ ਇਸ ਅਨੁਸਾਰ ਜਨਰਲ ਕੈਟਾਗਰੀ ਲਈ ਮੈਰਿਟ ਲਿਸਟ ਤਿਆਰ ਕਰਨਗੇ ਜਿਸ ਵਿੱਚ ਰਿਜ਼ਰਵ ਕੈਟਾਗਰੀ (ਐਸ.ਸੀ ਅਤੇ ਬੀ.ਸੀ.) ਨਾਲ ਸਬੰਧਤ ਉਮੀਦਵਾਰ ਵੀ ਹੋਣਗੇ।

14. ਉਮੀਦਵਾਰਾਂ ਵਲੋ ਇੰਟਰਵਿਊ ਨਿਸਚਿਤ ਮਿਤੀ ਨੂੰ ਅਪੀਅਰ ਨਾ ਹੋਣ ਤੇ, ਉਨ੍ਹਾਂ ਦਾ ਦਾਖਲੇ ਲਈ ਕੋਈ ਕਲੇਮ ਨਹੀਂ ਹੋਵੇਗਾ। ਇਸ ਸਬੰਧੀ ਕਿਸੇ ਵੀ ਪੱਤਰ ਵਿਹਾਰ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

15. ਦਾਖਲੇ ਵਿੱਚ ਰਿਜ਼ਰਵੇਸ਼ਨ ਪੰਜਾਬ ਸਰਕਾਰ ਵਲੋਂ ਨਿਰਧਾਰਤ ਰਿਜ਼ਰਵੇਸ਼ਨ ਪਾਲਿਸੀ ਮੁਤਾਬਿਕ

ਹੋਵੇਗੀ।

16. ਰਿਜ਼ਰਵ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋਂ ਜ਼ਾਰੀ ਕੀਤਾ ਅਸਲ ਸਰਟੀਫਿਕੇਟ ਲੇਕੇ ਆਉਣਗੇ। ਅਜਿਹਾ ਸਬੂਤ ਪੇਸ਼ ਨਾ ਕਰਨ ਦੀ ਸੂਰਤ ਵਿੱਚ ਉਸਨੂੰ ਰਿਜ਼ਰਵ ਕੈਟਾਗਰੀ ਵਜੋਂ ਵਿਚਾਰਿਆ ਨਹੀ ਜਾਵੇਗਾ।

17. ਜੇਕਰ ਕੌਂਸਲਿੰਗ ਸ਼ੁਰੂ ਹੋਣ ਤੇ ਮੈਰਿਟ ਵਿੱਚ ਆਉਂਦਾ ਉਮੀਦਵਾਰ ਹਾਜ਼ਰ ਨਹੀ ਹੁੰਦਾ ਤਾਂ ਉਸਤੋਂ ਹੇਠਾਂ ਵਾਲੇ ਉਮੀਦਵਾਰ ਨੂੰ ਉਸ ਟਰੇਡ ਵਿਚ ਸੀਟ ਮਿਲ ਜਾਵੇਗੀ । ਲੇਟ ਆਉਣ ਦੀ ਸੂਰਤ ਵਿੱਚ ਉਸਦਾ ਉਸ ਟਰੇਡ ਦੀ ਸੀਟ ਸਬੰਧੀ ਕਲੇਮ ਨਹੀ ਹੋਵੇਗਾ ਅਤੇ ਉਸ ਦੇ ਆਉਣ ਸਮੇਂ ਜਿਹੜੀ ਮੈਰਿਟ ਤੇ ਕੌਂਸਲਿੰਗ ਚਲ ਰਹੀ ਹੋਵੇਗੀ, ਤੇ ਵਿਚਾਰਿਆ ਜਾਵੇਗਾ।

18. ਉਮੀਦਵਾਰਾਂ ਵਲੋਂ ਪਹਿਲੀ ਕੌਂਸਲਿੰਗ ਦੌਰਾਨ ਪ੍ਰਾਪਤ ਹੋਈਆਂ ਅਰਜੀਆਂ, ਜਿੰਨਾਂ ਨੂੰ ਪਹਿਲੀ ਕੌਂਸਲਿੰਗ ਦੌਰਾਨ ਦਾਖਲਾ ਨਹੀਂ ਮਿਲਿਆ (ਇਸ ਸਬੰਧੀ ਸਬੰਧਤ ਉਮੀਦਵਾਰ ਨੂੰ ਸਬੰਧਤ ਸੰਸਥਾ ਦੇ ਮੁੱਖੀ ਨੂੰ ਸਾਦੀ ਅਰਜੀ ਦੇਣੀ ਹੋਵੇਗੀ), ਨੂੰ ਦੂਜੀ ਕੌਂਸਲਿੰਗ ਵਿਚ ਵਿਚਾਰਿਆ ਜਾਵੇਗਾ।

ਇਸੇ ਤਰਾਂ ਦੂਜੀ ਕੌਂਸਲਿੰਗ ਦੌਰਾਨ ਪ੍ਰਾਪਤ ਹੋਈਆਂ ਅਰਜੀਆਂ, ਜਿੰਨਾਂ ਨੂੰ ਦੂਜੀ ਕੌਂਸਲਿੰਗ ਦੌਰਾਨ ਦਾਖਲਾ ਨਹੀਂ ਮਿਲਿਆ (ਇਸ ਸਬੰਧੀ ਸਬੰਧਤ ਉਮੀਦਵਾਰ ਨੂੰ ਸਬੰਧਤ ਸੰਸਥਾ ਦੇ ਮੁੱਖੀ ਨੂੰ ਸਾਦੀ ਅਰਜੀ ਦੇਣੀ ਹੋਵੇਗੀ), ਨੂੰ ਤੀਜੀ ਕੌਂਸਲਿੰਗ ਵਿਚ ਵਿਚਾਰਿਆ ਜਾਵੇਗਾ।

19. ਚੁਣੇ ਗਏ ਉਮੀਦਵਾਰਾਂ ਵਲੋਂ ਉਸੇ ਦਿਨ ਸਕਿਓਰਟੀ, ਫੀਸ, ਜ਼ਰੂਰੀ ਫੰਡਜ਼ ਪ੍ਰਾਸਪੈਕਟ ਵਿੱਚ ਦਰਸਾਏ ਅਨੁਸਾਰ ਜਮ੍ਹਾਂ ਕਰਵਾਉਣੇ ਹੋਣਗੇ ।

20. ਉਮੀਦਵਾਰਾਂ ਨੂੰ ਇੰਟਰਵਿਊ ਤੇ ਹਾਜ਼ਰ ਹੋਣ ਲਈ ਕੋਈ ਟੀ.ਏ/ ਡੀ.ਏ ਨਹੀਂ ਦਿੱਤਾ ਜਾਵੇਗਾ।

21. ਜਿਨ੍ਹਾਂ ਕੇਂਦਰਾਂ ਦੇ ਡੀ.ਜੀ.ਈ. ਅਤੇ ਟੀ. ਭਾਰਤ ਸਰਕਾਰ ਨਾਲ ਯੂ.ਸੀ. (Under Consideration) ਕੇਸ ਹਨ ਜਾਂ ਡੀ.ਜੀ.ਈ. ਟੀ ਵਲੋਂ ਕਿਸੇ ਟ੍ਰੇਡ/ਯੂਨਿਟ ਨੂੰ ਰੱਦ ਕੀਤਾ ਗਿਆ ਹੈ ਉਹ ਵੀ ਦਾਖਲਾ ਨਹੀਂ ਕਰ ਸਕਣਗੇ।

22. ਵਿਭਾਗ / ਰਾਜ ਸਰਕਾਰ ਵਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਲਾਗੂ ਹੋਣਗੀਆਂ।

23. ਜਿਨ੍ਹਾਂ ਕੇਂਦਰਾਂ ਨੂੰ ਰਾਜ ਸਕਰਾਰ/ ਭਾਰਤ ਸਰਕਾਰ ਵਲੋਂ ਸੈਸ਼ਨ ਫਰਵਰੀ 2010 ਤੋਂ ਐਫੀਲੇਸ਼ਨ ਦਿੱਤੀ ਗਈ ਹੈ, ਅਤੇ ਜਿਨ੍ਹਾਂ ਸੰਸਥਾਵਾਂ ਵਲੋਂ ਸੈਸ਼ਨ ਅਗਸਤ 2009 ਵਿੱਚ ਦਾਖਲਾ ਨਹੀਂ ਕੀਤਾ ਗਿਆ ਹੈ। ਉਨ੍ਹਾਂ ਸੰਸਥਾਵਾਂ ਨੂੰ ਹੀ ਵਿਗਿਆਪਨ ਅਨੁਸਾਰ ਟਰੇਡਾਂ/ਯੂਨਿਟਾਂ ਵਿੱਚ ਵਿਭਾਗ ਦੀ ਪ੍ਰਵਾਨਗੀ/ਦਾਖਲਾ ਸਲਿਪ ਪ੍ਰਾਪਤ ਕਰਨ ਉਪਰੰਤ ਦਾਖਲਾ ਕੀਤਾ ਜਾ ਸਕਦਾ ਹੈ।

24. ਗੈਰ-ਸਰਕਾਰੀ ਕੇਂਦਰ, ਵਿਭਾਗ ਨੂੰ ਹਲਫੀਆ ਬਿਆਨ ਦੇ ਕੇ, ਦਾਖਲਾ ਸਲਿੱਪ ਪ੍ਰਾਪਤ ਕਰਨ ਕਰਨਗੇ। ਅਬਜਰਵਰਾਂ ਵਲੋਂ ਇਸ ਦੇ ਸਬੂਤ ਦੇਖਣ/ ਪ੍ਰਾਪਤ ਕਰਨ ਉਪਰੰਤ ਹੀ ਦਾਖਲਾ ਕੀਤਾ ਜਾਵੇ।

25. ਸਾਰੀਆਂ ਸੰਸਥਾਵਾਂ ਦੇ ਮੁੱਖੀ ਦਾਖਲੇ ਉਪਰੰਤ ਦਾਖਲਾ ਮੈਰਿਟ/ਚੋਣ ਸੂਚੀਆਂ ਮੁਕੰਮਲ ਤੌਰ ਤੇ ਮਿਤੀ 23-03-2010 ਤੱਕ ਮੁੱਖ ਦਫਤਰ ਟ੍ਰੇਨਿੰਗ ਸ਼ਾਖਾ ਨੂੰ ਭੇਜਣਗੇ। ਇੰਨਾਂ ਲਿਸ਼ਟਾਂ ਤੇ ਮੁਕੰਮਲ ਦਾਖਲਾ ਚੋਣ ਕਮੇਟੀ ਦੇ ਹਸਤਾਖਰ ਹੋਣੇ ਜਰੂਰੀ ਹਨ। ਬਿਨਾਂ ਹਸਤਾਖਰ ਅਤੇ ਮੋਹਰਾਂ ਲੱਗੀਆਂ ਸੂਚੀਆਂ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ ਅਤੇ ਕੇਸ ਰਜਿਸ਼ਟਰੇਸ਼ਨ ਲਈ ਬੋਰਡ ਨੂੰ ਨਹੀਂ ਭੇਜੇ ਜਾਣਗੇ। ਦੇਰੀ ਹੋਣ ਦੀ ਸੂਰਤ ਵਿਚ ਕਿਸੇ ਕਿਸਮ ਦੇ ਜੁਰਮਾਨਾ ਆਦਿ ਲਗਣ ਤੇ ਸਬੰਧਤ ਕੇਂਦਰ ਦੀ ਜਿੰਮੇਵਾਰੀ ਹੋਵੇਗੀ।

ਮਿਤੀ, ਚੰਡੀਗੜ੍ਹ 11.01.2010

ਬੀ. ਪੁਰੁਸ਼ਾਰਥ, ਆਈ.ਏ.ਐਸ.
ਡਾਇਰੈਕਟਰ, ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।